# PM to unveil the logo, theme and website of India's G20 Presidency on 8th November

November 07, 2022

……………………

## ਪ੍ਰਧਾਨ ਮੰਤਰੀ 8 ਨਵੰਬਰ ਨੂੰ ਕਰਨਗੇ ਭਾਰਤ ਦੀ G-20 ਦੀ ਪ੍ਰਧਾਨਗੀ ਦੇ ਲੋਗੋ, ਥੀਮ ਅਤੇ ਵੈੱਬਸਾਈਟ ਦਾ ਉਦਘਾਟਨ

## 7 ਨਵੰਬਰ, 2022

ਪ੍ਰਧਾਨ ਮੰਤਰੀ 8 ਨਵੰਬਰ, 2022 ਨੂੰ ਸ਼ਾਮ 4:30 ਵਜੇ ਵੀਡੀਓ ਕਾਨਫਰੰਸਿੰਗ ਰਾਹੀਂ ਭਾਰਤ G-20 ਦੀ ਪ੍ਰਧਾਨਗੀ ਦੇ ਲੋਗੋ, ਥੀਮ ਅਤੇ ਵੈੱਬਸਾਈਟ ਦਾ ਉਦਘਾਟਨ ਕਰਨਗੇ।

ਪ੍ਰਧਾਨ ਮੰਤਰੀ ਦੇ ਦ੍ਰਿਸ਼ਟੀਕੋਣ ਦੁਆਰਾ ਸੇਧਿਤ ਭਾਰਤ ਦੀ ਵਿਦੇਸ਼ ਨੀਤੀ ਵਿਕਸਿਤ ਹੋਕੇ ਆਲਮੀ ਪੱਧਰ 'ਤੇ ਆਗੂ ਦੀਆਂ ਭੂਮਿਕਾਵਾਂ ਨਿਭਾਉਣ ਵਾਲੀ ਹੋ ਰਹੀ ਹੈ। ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕ ਕੇ ਭਾਰਤ 1 ਦਸੰਬਰ, 2022 ਤੋਂ G-20 ਦੀ ਪ੍ਰਧਾਨਗੀ ਸੰਭਾਲੇਗਾ। G-20 ਦੀ ਪ੍ਰਧਾਨਗੀ ਸਦਕਾ ਭਾਰਤ ਨੂੰ ਅੰਤਰਰਾਸ਼ਟਰੀ ਮਹੱਤਵ ਦੇ ਪ੍ਰਮੁੱਖ ਮੁੱਦਿਆਂ 'ਤੇ ਆਲਮੀ ਏਜੰਡੇ ਵਿੱਚ ਯੋਗਦਾਨ ਪਾਉਣ ਦਾ ਵਿਲੱਖਣ ਮੌਕਾ ਦਿੰਦੀ ਹੈ। ਸਾਡੀ G-20 ਦੀ ਪ੍ਰਧਾਨਗੀ ਦਾ ਲੋਗੋ, ਥੀਮ ਅਤੇ ਵੈੱਬਸਾਈਟ ਭਾਰਤ ਦੇ ਸੰਦੇਸ਼ ਅਤੇ ਵਿਸ਼ਵ ਲਈ ਪ੍ਰਮੁੱਖ ਤਰਜੀਹਾਂ ਨੂੰ ਦਰਸਾਏਗੀ।

G20 ਅੰਤਰਰਾਸ਼ਟਰੀ ਆਰਥਿਕ ਸਹਿਯੋਗ ਦਾ ਪ੍ਰਮੁੱਖ ਫੋਰਮ ਹੈ, ਜੀ ਅੰਦਰ ਸ਼ਾਮਲ ਦੇਸ਼ ਆਲਮੀ GDP ਦੇ ਲਗਭਗ 85%, ਆਲਮੀ ਵਪਾਰ ਦੇ 75% ਤੋਂ ਵੱਧ ਦਾ ਯੋਗਦਾਨ ਪਾਉਂਦੇ ਹਨ ਅਤੇ ਜਿਨ੍ਹਾਂ ਅੰਦਰ ਦੁਨੀਆ ਦੀ ਲਗਭਗ ਦੋ ਤਿਹਾਈ ਆਬਾਦੀ ਰਹਿੰਦੀ ਹੈ। ਆਪਣੀ G-20 ਦੀ ਪ੍ਰਧਾਨਗੀ ਦੌਰਾਨ ਭਾਰਤ ਵੱਲੋਂ ਪੂਰੇ ਦੇਸ਼ ਅੰਦਰ ਕਈ ਥਾਵਾਂ 'ਤੇ 32 ਵੱਖ-ਵੱਖ ਸੈਕਟਰਾਂ ਵਿੱਚ ਲਗਭਗ 200 ਮੀਟਿੰਗਾਂ ਕੀਤੀਆਂ ਜਾਣਗੀਆਂ। ਅਗਲੇ ਸਾਲ ਹੋਣ ਵਾਲਾ G-20 ਸਿਖਰ ਸੰਮੇਲਨ ਭਾਰਤ ਦੁਆਰਾ ਕਰਾਏ ਜਾਣ ਵਾਲੇ ਸਭ ਤੋਂ ਪ੍ਰਮੁੱਖ ਅੰਤਰਰਾਸ਼ਟਰੀ ਸੰਮੇਲਨਾਂ ਵਿੱਚੋਂ ਇਕ ਹੋਵੇਗਾ।

ਨਵੀਂ ਦਿੱਲੀ
7 ਨਵੰਬਰ, 2022

DISCLAIMER: This is an approximate translation. The original is available in English on MEA's website and may be referred to as the official press release.